# ਦਸੰਬਰ – ਜਨਵਰੀ ਪਾਠ - ਕ੍ਰਮ,

## ਪਾਠ - 21, ਜਮਾਤ - ਛੇਵੀਂ

## ਪਿੰਡ ਇਉਂ ਬੋਲਦੈ ( ਡਾ.ਸ਼ਰਨਜੀਤ ਕੌਰ )

ਤਿਆਰ ਕਰਤਾ:- ਸ.ਜਸਪਾਲ ਸਿੰਘ, ਪੰਜਾਬੀ ਮਾਸਟਰ, ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ
( ਗੁਰਦਾਸਪੁਰ ) 9417606006

### 1) ਪ੍ਰਸ਼ਨਾਂ ਦੇ ਉੱਤਰ ਦਿਓ :-

**1 ਪ੍ਰਸ਼ਨ:- ਪਿੰਡ ਵਿੱਚ ਦੀਪ ਦੇ ਕਿਹੜੇ- ਕਿਹੜੇ ਰਿਸ਼ਤੇਦਾਰ ਰਹਿੰਦੇ ਸਨ ?**

ਉੱਤਰ:- ਪਿੰਡ ਵਿੱਚ ਦੀਪ ਦੇ ਦਾਦਾ- ਦਾਦੀ,ਤਾਇਆ- ਤਾਈ ਅਤੇ ਉਹਨਾਂ ਦੇ ਬੱਚੇ ਰਹਿੰਦੇ ਸਨ |

**2 ਪ੍ਰਸ਼ਨ:- ਦੀਪ ਦੇ ਦੋਸਤ ਕਿੱਥੇ-ਕਿੱਥੇ ਘੁੰਮਣ ਜਾ ਰਹੇ ਸਨ ?**

ਉੱਤਰ:- ਦੀਪ ਦਾ ਦੋਸਤ ਰਮਨ ਜੈਪੁਰ ਅਤੇ ਏਕਮ ਲੰਡਨ ਘੁੰਮਣ ਜਾ ਰਹੇ ਸਨ |

**3 ਪ੍ਰਸ਼ਨ:- ਪਿੰਡਾਂ ਵਿੱਚ ਗੋਹੇ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਜਾਂਦੀ ਹੈ ?**

ਉੱਤਰ:-ਪਿੰਡਾਂ ਵਿੱਚ ਗੋਹੇ ਦੀ ਵਰਤੋਂ ਗੋਬਰ ਗੈਸ ਤਿਆਰ ਕਰਨ ਲਈ ਕੀਤੀ ਜਾਂਦੀ ਹੈ |

**4 ਪ੍ਰਸ਼ਨ:- ਪਿੰਡਾਂ ਨੇ ਕਿਹੋ - ਜਿਹੀ ਤਰੱਕੀ ਕੀਤੀ ਹੈ ?**

ਉੱਤਰ:- ਹੁਣ ਪਿੰਡ ਪਹਿਲਾਂ ਜਿਹੇ ਨਹੀਂ ਰਹੇ ਹਨ |ਉੱਥੇ ਕੱਚੀਆਂ ਸੜਕਾਂ ਪੱਕੀਆ ਬਣ ਗਈਆਂ ਹਨ ਅਤੇ ਗੋਬਰ ਦੀ ਬਦਬੂ ਵੀ ਨਹੀਂ ਆਉਂਦੀ |

**5 ਪ੍ਰਸ਼ਨ:- ਦੀਪ ਦੇ ਤਾਇਆ ਜੀ ਕਿਸ ਦੀਆਂ ਹਿਦਾਇਤਾਂ ਅਨੁਸਾਰ ਖੇਤੀ ਕਰਦੇ ਸਨ ?**

ਉੱਤਰ:-ਦੀਪ ਦੇ ਤਾਇਆ ਜੀ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਹਿਦਾਇਤਾਂ ਅਨੁਸਾਰ ਖੇਤੀ ਕਰਦੇ ਸਨ |

**6 ਪ੍ਰਸ਼ਨ:- ਦੀਪ ਨੇ ਦਰਿਆ ਉੱਤੇ ਕੀ - ਕੀ ਦੇਖਿਆ?**

ਉੱਤਰ:-ਦੀਪ ਨੇ ਦਰਿਆ ਉੱਤੇ ਲੱਗੀ ਪਣ - ਚੱਕੀ,ਤੇਲ ਕੱਢਣ ਵਾਲ਼ੀ ਚੱਕੀ ਅਤੇ ਪੋਲਟਰੀ- ਫ਼ਾਰਮ ਦੇਖਿਆ |

**7 ਪ੍ਰਸ਼ਨ:- ਦਾਦੀ ਜੀ ਨੇ ਗੱਡੀ ਵਿੱਚ ਕੀ ਕੁਝ ਰਖਵਾਇਆ?**

ਉੱਤਰ:- ਦਾਦੀ ਜੀ ਨੇ ਗੱਡੀ ਵਿੱਚ ਗੰਨੇ,ਸਾਗ,ਮੱਕੀ ਦਾ ਆਟਾ,ਦਾਲ਼ਾਂ ਅਤੇ ਕਣਕ ਆਦਿ ਰਖਵਾਇਆ |

## 2) ਵਾਕਾਂ ਵਿੱਚ ਵਰਤੋ: -

1. ਤਰੱਕੀ - ਅੱਜ- ਕੱਲ੍ਹ ਪਿੰਡਾਂ ਨੇ ਬਹੁਤ ਤਰੱਕੀ ਕਰ ਲਈ ਹੈ।

2. ਘੁਸਮੁਸਾ - ਅਸੀਂ ਸ਼ਾਮ ਦੇ ਘੁਸਮੁਸੇ ਪਿੰਡ ਪਹੁੰਚੇ।

3. ਇੰਤਜ਼ਾਮ - ਮੈਂ ਪਾਰਟੀ ਦਾ ਸਾਰਾ ਇੰਤਜ਼ਾਮ ਕਰ ਲਿਆ ਹੈ।

4. ਟਪੂਸੀਆਂ - ਬਾਂਦਰ ਦਰੱਖ਼ਤਾਂ 'ਤੇ ਟਪੂਸੀਆਂ ਮਾਰ ਰਹੇ ਸਨ।

5. ਸਰਸਰਾਹਟ - ਮੈਨੂੰ ਪੱਤਿਆਂ ਦੀ ਸਰਸਰਾਹਟ ਨੇ ਜਗਾ ਦਿੱਤਾ।

6. ਜੈਵਿਕ- ਅੱਜ - ਕੱਲ੍ਹ ਜੈਵਿਕ ਖੇਤੀ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ।

## 3) ਹੇਠ ਲਿਖੇ ਸ਼ਬਦ ਕਿਸ ਨੇ,ਕਿਸ ਨੂੰ ਕਹੇ:

(ੳ) " ਬੇਟਾ! ਮੈਂ ਸੋਚਦਾ ਹਾਂ ਐਤਕੀ ਤੁਹਾਨੂੰ ਪਿੰਡ ਦੀ ਸੈਰ ਕਰਵਾਈ ਜਾਵੇ।"

ਉੱਤਰ: ਇਹ ਸ਼ਬਦ ਦੀਪ ਦੇ ਪਿਤਾ ਜੀ ਨੇ ਬੱਚਿਆਂ ਨੂੰ ਕਹੇ।

( ਅ) " ਅੱਜ-ਕਲ੍ਹ ਪਿੰਡਾਂ ਨੇ ਤਾਂ ਬਹੁਤ ਤਰੱਕੀ ਕਰ ਲਈ ਏ।"

ਉੱਤਰ: ਇਹ ਸ਼ਬਦ ਰਾਣੋ ਨੇ ਪਿਤਾ ਜੀ ਨੂੰ ਕਹੇ।"

( ੲ) " ਆਪਾਂ ਸਵੇਰੇ- ਸਵੇਰੇ ਨਹਿਰ 'ਤੇ ਜਾਵਾਂਗੇ।ਉੱਥੇ ਖ਼ੂਬ ਮੌਜ-ਮਸਤੀ ਕਰਾਂਗੇ।"

ਉੱਤਰ: ਇਹ ਸ਼ਬਦ ਰੇਨੂੰ ਅਤੇ ਰਾਜ ਨੇ ਦੀਪ ਅਤੇ ਰਾਣੋ ਨੂੰ ਕਹੇ।

( ਸ) " ਅਜੇ ਤਾਂ ਹੋਰ ਵੀ ਕਈ ਕੁਝ ਦੇਖਣ ਵਾਲ਼ਾ ਰਹਿ ਗਿਆ ਏ ਤੇ ਨਾਲ਼ੇ ਹੁਣ ਤਾਂ ਸ਼ਹਿਰ ਜਾਣ ਨੂੰ ਵੀ ਦਿਲ ਨਹੀਂ ਕਰਦਾ।"

ਉੱਤਰ: ਇਹ ਸ਼ਬਦ ਦੀਪ ਨੇ ਪਿਤਾ ਜੀ ਨੂੰ ਕਹੇ।